# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ (ਪਿਕਟਸ)

**ਐਸ.ਸੀ ਓ ਨੰ.162-164, ਤੀਜੀ ਮੰਜ਼ਿਲ, ਸੈਕਟਰ-34/A, ਚੰਡੀਗੜ੍ਹ**

ਵੱਲ

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਸਕੂਲ ਮੁੱਖੀ (ਵੈਬ ਸਾਇਟ ਰਾਹੀ)

ਪੱਤਰ ਨੰ. 3/5-ICT/2011/Misc/MM/1684
ਮਿਤੀ: 30.03.12

**ਵਿਸ਼ਾਂ: ਆਈ. ਸੀ .ਟੀ ਪ੍ਰੋਜੈਕਟ ਹੇਠ ਸਕੂਲਾਂ ਵਿੱਚ ਲਗਾਏ ਹਾਰਡਵੇਅਰ ਦੀ ਮੇਂਟੇਨੈਂਸ ਨੂੰ ਕਾਰਗਰ ਬਣਾਉਣ ਬਾਰੇ।**

1 ਇਹ ਵੇਖਿਆ ਗਿਆ ਹੈ ਕਿ M/s HCL ਅਤੇ M/s GCL ਵੱਲੋਂ ਹਾਰਡਵੇਅਰ ਦੀ ਮੇਂਟੇਨੈਂਸ ਵੱਲ ਲੋੜੀਦਾ ਧਿਆਨ ਨਹੀ ਦਿੱਤਾ ਜਾ ਰਿਹਾ ਹੈ ਅਤੇ ਨਤੀਜੇ ਵੱਜੋਂ ਹਾਰਡਵੇਅਰ ਦਿਨਾਂ ਬੱਧੀ ਖਰਾਬ ਪਿਆ ਰਹਿੰਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਕੰਪਨੀਆਂ ਦੇ ਇੰਜੀਨੀਅਰ ਹਾਰਡਵੇਅਰ ਦਾ ਸਮਾਨ ਠੀਕ ਕਰਨ ਦੇ ਬਹਾਨੇ ਕੱਢ ਕੇ ਲੈ ਜਾਦੇ ਹਨ ਅਤੇ ਲੰਬੇ ਸਮੇ ਤੱਕ ਵਾਪਿਸ ਨਹੀ ਲਗਾਉਦੇ। ਇਸ ਸਥਿਤੀ ਨਾਲ ਨਿਪਟਣ ਲਈ ਸਕੂਲ ਮੁੱਖੀ, ਕੰਪਿਊਟਰ, ਜਿਲ੍ਹਾਂ ਆਈ. ਸੀ. ਟੀ ਕੁਆਡੀਨੇਟਰਾਂ ਅਤੇ ਪ੍ਰੋਜੈਕਟ ਕੁਆਡੀਨੇਟਰਾਂ ਦੀ ਮੁੱਖ ਭੂਮਿਕਾ ਹੈ ਅਤੇ ਉਨ੍ਹਾਂ ਨੂੰ ਇਸ ਬਾਰੇ ਹੋਰ ਜਿਆਦਾ ਧਿਆਨ ਦੇਣ ਦੀ ਜਰੂਰਤ ਹੈ। ਖਾਸ ਤੌਰ ਤੇ ਇਹ ਵੇਖਿਆ ਗਿਆ ਹੈ ਕਿ ਕੰਪਿਊਟਰ ਅਧਿਆਪਕ ਖਰਾਬ ਹਾਰਡਵੇਅਰ ਦੀ ਸ਼ਕਾਇਤ ਜਾਂ ਤਾਂ ਦਰਜ ਹੀ ਨਹੀ ਕਰਵਾਉਦੇ, ਜੇ ਕਰਵਾਉਦੇ ਹਨ ਤਾਂ ਕਾਫੀ ਸਮਾਂ ਬੀਤਣ ਤੋਂ ਬਾਅਦ ਕਰਵਾਉਦੇ ਹਨ। ਇਸ ਤਰ੍ਹਾਂ ਹੀ ਜਿਲ੍ਹਾਂ ਆਈ ਸੀ ਟੀ ਕੁਆਡੀਨੇਟਰਾਂ ਅਤੇ ਪ੍ਰੋਜੈਕਟ ਕੁਆਡੀਨੇਟਰਾਂ ਨੂੰ ਹਦਾਇਤ ਹੈ ਕਿ ਉਹ ਹਰ ਹਫਤੇ ਵੈਂਡਰ ਨਾਲ ਮੀਟਿੰਗ ਕਰਕੇ ਖਰਾਬ ਹਾਰਡਵੇਅਰ ਦੀ ਰਿਪੇਅਰ ਦਾ ਜਾਇਜਾ ਲੈਣਗੇ, ਪਰ ਇਸ ਅਹਿਮ ਮੁੱਦੇ ਤੇ ਧਿਆਨ ਨਹੀਂ ਦਿੱਤਾ ਹਾ ਰਿਹਾ ਅਤੇ ਮੀਟਿੰਗਾਂ ਨਿਯਮਿਤ ਤੌਰ ਤੇ ਨਹੀਂ ਕੀਤੀਆਂ ਜਾਂਦੀਆਂ ਹਨ।

2 ਹਾਰਡਵੇਅਰ ਦੀ ਮੇਨਟੇਨੈੱਸ ਨੂੰ ਹੋਰ ਕਾਰਗਰ ਬਣਾਉਣ ਲਈ ਹੇਠ ਦਿੱਤੀਆਂ ਹਦਾਇਤਾਂ ਤੇ ਅਮਲ ਪੂਰੀ ਤਰ੍ਹਾਂ ਯਕੀਨੀ ਬਣਾਇਆ ਜਾਵੇਗਾ:-

(ੳ) ਸਕੂਲ ਮੁੱਖੀ ਇਹ ਯਕੀਨੀ ਬਣਾਉਣ ਕਿ ਹਾਰਡਵੇਅਰ ਖਰਾਬ ਹੋਣ ਦੀ ਸ਼ਿਕਾਇਤ ਸਬੰਧਤ ਵੈਂਡਰ ਨੂੰ ਤੁਰੰਤ ਦਰਜ ਕਰਵਾਈ ਜਾਂਦੀ ਹੈ ਅਤੇ ਸ਼ਿਕਾਇਤ ਦਰਜ ਕਰਵਾਉਣ ਦੀ ਮਿਤੀ, ਸਮਾਂ

ਅਤੇ ਟਿਕਟ ਨੰਬਰ ਸ਼ਿਕਾਇਤ ਰਜਿਸਟਰ ਵਿੱਚ ਦਰਜ ਕਰਕੇ ਦਸਤਖਤ ਕਰਨਗੇ। ਜੇਕਰ ਕਿਸੇ ਸਕੂਲ ਵਿੱਚ ਇਹ ਰਜਿਸਟਰ ਨਹੀਂ ਖੋਲਿਆ ਗਿਆ ਹੈ ਇਹ ਜਲਦ ਖੋਲਿਆ ਜਾਵੇਗਾ। ਸ਼ਿਕਾਇਤ ਠੀਕ ਹੋਣ ਤੇ ਠੀਕ ਹੋਣ ਦੀ ਮਿਤੀ, ਸਮਾਂ ਦਰਜ ਸ਼ਿਕਾਇਤ ਦੇ ਸਾਮ੍ਹਣੇ ਲਿਖਿਆ ਜਾਵੇਗਾ ਅਤੇ ਸਬੰਧਤ ਕੰਪਿਊਟਰ ਟੀਚਰ ਅਤੇ ਵੈਂਡਰ ਦੇ ਸਾਈਨ ਕਰਨਗੇ। ਨਾਲ ਹੀ ਵੈਂਡਰ ਦੇ ਇੰਜੀਨੀਅਰ ਦੀ ਜਿਲ੍ਹਾ ਆਈ.ਸੀ.ਟੀ. ਕੋਆਰਡੀਨੇਟਰ ਨਾਲ ਗੱਲ਼ ਕਰਵਾਈ ਜਾਵੇਗੀ ਕਿ ਸ਼ਿਕਾਇਤ ਠੀਕ ਹੋ ਗਈ ਹੈ । ਕੰਪਿਊਟਰ ਟੀਚਰ ਹਰ ਹਫਤੇ ਦਰਜ ਕਰਵਾਈਆਂ ਸ਼ਿਕਾਇਤਾਂ ਦਾ ਵੇਰਵਾ ਜ਼ਿਲਾ ਆਈ.ਸੀ.ਟੀ. ਕੋਆਰਡੀਨੇਟਰ ਅਤੇ ਪ੍ਰੋਜੈਕਟ ਕੁਆਡੀਨੇਟਰਾਂ ਨੂੰ ਹਰ ਮੰਗਲਵਾਰ ਨੂੰ ਈ-ਮੇਲ ਰਾਹੀਂ ਭੇਜੇਗਾ।

(ਅ) ਉਪੱਰ ਦੀ ਤਰਾਂ, ਜੇਕਰ ਵੈਂਡਰ ਦਾ ਇੰਜੀਨੀਅਰ ਹਾਰਡਵੇਅਰ ਦਾ ਕੋਈ ਪਾਰਟ ਰਿਪੇਅਰ ਲਈ ਕੱਢ ਕੇ ਲੈ ਜਾਣਾ ਚਾਹੁੰਦਾ ਹੈ ਤਾਂ ਇਸਦਾ ਵੇਰਵਾ (ਮਿਤੀ, ਸਮਾਂ, ਪਾਰਟ ਦੀ ਡਿਸਕਰਿਪਸ਼ਨ ਆਦਿ) ਰਜਿਸਟਰ ਵਿੱਚ ਦਰਜ ਕੀਤਾ ਜਾਵੇਗਾ। ਦੋਵੇਂ ਕੰਪਿਊਟਰ ਟੀਚਰ ਅਤੇ ਵੈਂਡਰ ਦਾ ਇੰਜੀਨੀਅਰ ਸਾਈਨ ਕਰਨਗੇ ਅਤੇ ਆਪਣਾ ਨਾਮ ਅਤੇ ਪਤਾ ਸਾਫ ਸਾਫ ਲਿਖਣਗੇ। ਪਾਰਟ ਠੀਕ ਹੋਣ ਤੋ ਬਾਅਦ ਮਸ਼ੀਨ ਵਿੱਚ ਲਗਾਉਣ ਤੋਂ ਬਾਅਦ ਦੁਬਾਰਾ ਉਕਤ ਐਂਟਰੀ ਦੇ ਖਿਲਾਫ ਦਰਜ ਕੀਤਾ ਜਾਵੇਗਾ ਕਿ ਪਾਰਟ ਵਾਪਿਸ ਮਿਲ ਗਿਆ ਹੈ। ਅਗਰ ਕੋਈ ਪਾਰਟ ਦੋ ਹਫਤੇ ਤੋ ਜਿਆਦਾ ਸਮੇ ਲਈ ਰਿਪੇਅਰ ਕਰਕੇ ਵਾਪਿਸ ਨਹੀ ਲਗਾਇਆ ਜਾਦਾ ਤਾਂ ਇਸ ਦੀ ਰਿਪੋਟਰ ਜਿਲ੍ਹਾ ਆਈ ਸੀ ਟੀ ਕੁਆਡੀਨੇਟਰ ਅਤੇ ਪ੍ਰੋਜੈਕਟ ਕੁਆਡੀਨੇਟਰਾਂ ਨੂੰ ਭੇਜੀ ਜਾਵੇਗੀ ਜੋ ਸਾਰੀਆ ਰਿਪੋਟਰਾਂ ਦਾ ਸਕੰਲਨ ਕਰਕੇ ਇਸ ਦਫਤਰ ਨੂੰ ਭੇਜੇਗਾ। ਇਹ ਰਿਪੋਟਰ ਜਿਲ੍ਹਾ ਆਈ ਸੀ ਟੀ ਕੁਆਡੀਨੇਟਰ ਵੱਲੋ ਮਹੀਨਾਵਾਰ ਮੀਟਿੰਗ ਵਿੱਚ ਵੀ ਲਿਆਦੀ ਜਾਣਗੀਆ।

3 ਸਮੂਹ ਜਿਲ੍ਹਾ ਸਿੱਖਿਆ ਅਧਿਕਾਰੀ (ਸੈ) ਨੂੰ ਬੇਨਤੀ ਹੈ ਕਿ ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ**